ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਬਲੈਕਜੈਕ

## ਸੁਗਲ ਬਣਾਈ ਰੱਖੋ। ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।

**ਬਲੈਕਜੈਕ,** ਜਿਸ ਨੂੰ 21 ਵੀ ਕਿਹਾ ਜਾਂਦਾ ਹੈ, ਤਾਸ਼ ਦੀ ਕਾਫੀ ਮਸ਼ਹੂਰ ਕਸੀਨੋ ਖੇਡ ਹੈ ਜਿਸ ਵਿਚ ਖਿਡਾਰੀ ਆਪਣੇ ਹੱਥ ਦੇ ਪੱਤਿਆਂ ਦਾ ਡੀਲਰ ਦੇ ਪੱਤਿਆਂ ਨਾਲ ਮੁਕਾਬਲਾ ਕਰਕੇ ਖੇਡਦੇ ਹਨ। ਬਲੈਕਜੈਕ ਜਿੱਤਣ ਵਾਸਤੇ ਖਿਡਾਰੀ ਲਈ ਜ਼ਰੂਰੀ ਹੈ ਕਿ ਉਹ ਡੀਲਰ ਨਾਲੋਂ ਉੱਚੇ ਜੋੜ ਵਾਲਾ ਹੱਥ ਬਣਾਵੇ ਪਰ ਇਹ ਜੋੜ 21 ਤੋਂ ਨਾ ਵਧੇ।

ਹਰ ਖੇਡ ਦੇ ਸ਼ੁਰੂ ਵਿਚ ਖਿਡਾਰੀਆਂ ਲਈ ਜ਼ਰੂਰੀ ਹੈ ਕਿ ਉਹ ਟੇਬਲ ਦੇ ਜਿਸ ਹਿੱਸੇ ’ਤੇ ਬੈਠੇ ਹੋਣ ਉੱਥੇ ਆਪਣੇ ਸਾਹਮਣੇ ਵਾਲੇ ਬਾਕਸ ਵਿਚ ਆਪਣਾ ਦਾਅ (ਬੈੱਟ) ਲਾਉਣ। ਜਦੋਂ ਬੈੱਟਾਂ ਲਾ ਦਿੱਤੀਆਂ ਜਾਣ ਤਾਂ ਹਰ ਖਿਡਾਰੀ ਨੂੰ ਦੋ ਪੱਤੇ ਸਿੱਧੇ ਰੱਖੇ ਹੋਏ ਦਿੱਤੇ ਜਾਂਦੇ ਹਨ। ਡੀਲਰ ਨੂੰ ਇਕ ਪੱਤਾ ਸਿੱਧਾ ਕੀਤਾ ਹੋਇਆ ਮਿਲਦਾ ਹੈ ਅਤੇ ਡੀਲਰ ਦਾ ਹੱਥ ਉਦੋਂ ਪੂਰਾ ਹੁੰਦਾ ਹੈ ਜਦੋਂ ਸਾਰੇ ਖਿਡਾਰੀ ਪੱਤੇ ਲੈਣੇ ਖਤਮ ਕਰ ਦੇਣ। ਇਸ ਨੂੰ ਇੰਗਲਿਸ਼ ਸਟਾਈਲ ਕਿਹਾ ਜਾਂਦਾ ਹੈ।

ਆਪਣੇ ਹੱਥ ਦੀ ਕੀਮਤ ਦਾ ਪਤਾ ਲਾਉਣਾ ਕਾਫੀ ਸਰਲ ਹੈ: ਚਿਹਰੇ ਵਾਲੇ ਸਾਰੇ ਪੱਤਿਆਂ (ਬਾਦਸ਼ਾਹ, ਰਾਣੀਆਂ ਤੇ ਗੁਲਾਮਾਂ) ਦਾ ਮੁੱਲ 10 ਹੁੰਦਾ ਹੈ। ਨੰਬਰਾਂ ਵਾਲੇ ਪੱਤਿਆਂ ਦਾ ਮੁੱਲ ਉਨ੍ਹਾਂ ਦੇ ਨੰਬਰਾਂ ਅਨੁਸਾਰ ਹੁੰਦਾ ਹੈ ਅਤੇ ਯੱਕੇ 1 ਜਾਂ 11 ਮੁੱਲ ਦੇ ਹੁੰਦੇ ਹਨ।

ਜੇ ਤੁਹਾਡੇ ਪਹਿਲੇ ਦੋ ਪੱਤਿਆਂ ਦਾ ਜੋੜ 21 ਬਣਦਾ ਹੈ ਤਾਂ ਤੁਸੀਂ ਜਿੱਤਦੇ ਹੋ ਕਿਉਂਕਿ ਤੁਹਾਡੇ ਕੋਲ ਬਲੈਕਜੈਕ ਹੈ ਜਿਹੜਾ ਤੁਹਾਡੇ ਦਾਅ ’ਤੇ 3 ਟੂ 2 ਅਦਾ ਕਰਦਾ ਹੈ। ਜੇ ਡੀਲਰ ਕੋਲ ਵੀ ਬਲੈਕਜੈਕ ਹੋਵੇ ਤਾਂ ਤੁਸੀਂ ਪੁਸ਼ (ਟਾਈ) ਕਰਦੇ ਹੋ। ਆਪਣਾ ਹੱਥ 21 ਦੇ ਜਿੰਨਾ ਵੀ ਸੰਭਵ ਹੋਵੇ ਨੇੜੇ ਬਣਾਉਣ ਲਈ ਅਤੇ ਬਸਟਿੰਗ (21 ਤੋਂ ਵਧਣ) ਤੋਂ ਬਿਨਾਂ, ਤੁਹਾਨੂੰ ਮਰਜ਼ੀ ਨਾਲ ਫੈਸਲਾ ਕਰਨਾ ਪੈਣਾ ਹੈ ਕਿ ਤੁਸੀਂ ਹਿੱਟ ਕਰਨੀ ਹੈ (ਪੱਤਾ ਲੈਣਾ ਹੈ) ਜਾਂ ਸਟੈਂਡ ਕਰਨਾ ਹੈ (ਆਪਣੀ ਵਾਰੀ ਖਤਮ ਕਰਨੀ ਹੈ)।

ਜੇ ਡੀਲਰ 21 ਤੋਂ ਵਧ ਜਾਵੇ ਤਾਂ ਸਾਰੇ ਖਿਡਾਰੀ ਜਿਨ੍ਹਾਂ ਕੋਲ 21 ਜਾਂ ਘੱਟ ਪੱਤੇ ਹੋਣ, ਜਿੱਤਦੇ ਹਨ। ਨਹੀਂ ਤਾਂ ਡੀਲਰ ਦੇ ਕੁਲ ਪੁਆਇੰਟਾਂ ਨਾਲ ਹਰ ਖਿਡਾਰੀ ਦਾ ਕੁਲ ਮਿਲਾਇਆ ਜਾਂਦਾ ਹੈ। ਸਾਰੇ ਜਿੱਤੇ ਬੈੱਟ ਬਰਾਬਰ (ਵਨ ਟੂ ਵਨ) ਦੇ ਹਿਸਾਬ ਨਾਲ ਅਦਾ ਕੀਤੇ ਜਾਂਦੇ ਹਨ।



## ਜਾਨਣ ਵਾਲੇ ਸ਼ਬਦ

**ਬਲੈਕਜੈਕ:** ਜਦੋਂ ਕਿਸੇ ਹੱਥ ਨੂੰ ਦਿੱਤੇ ਪਹਿਲੇ ਦੋ ਪੱਤਿਆਂ ਦਾ ਜੋੜ 21 (ਇਕ ਯੱਕਾ ਅਤੇ 10 ਜਾਂ ਯੱਕਾ ਅਤੇ ਇਕ ਚਿਹਰੇ ਵਾਲਾ ਪੱਤਾ) ਹੋਵੇ।

**ਸੌਫਟ ਹੈਂਡ:** ਇਕ ਹੱਥ ਜਿਹਦੇ ਵਿਚ ਇਕ ਯੱਕਾ ਅਤੇ ਦੋ ਸੰਭਵ ਜੋੜ ਬਣਦੇ ਹੋਣ (ਇਸ ਗੱਲ ’ਤੇ ਨਿਰਭਰ ਹੈ ਕਿ ਯੱਕੇ ਦਾ ਮੁੱਲ 1 ਹੈ ਜਾਂ 11 ਹੈ) ਜਿਹਨਾਂ ਵਿਚੋਂ ਕੋਈ ਵੀ 21 ਤੋਂ ਨਾ ਵਧੇ।

**ਹਾਰਡ ਹੈਂਡ:** ਉਹ ਹੱਥ ਜਿਹਦੇ ਵਿਚ ਕੋਈ ਯੱਕੇ ਨਾ ਹੋਣ ਜਾਂ ਜਿਹਦੇ ਵਿਚ ਯੱਕੇ ਦਾ ਮੁੱਲ ਇਕ ਹੋਵੇ।

**ਹਿੱਟ ਜਾਂ ਡਰਾਅ:** ਤੁਹਾਨੂੰ ਇਕ ਹੋਰ ਪੱਤਾ ਚਾਹੀਦਾ ਹੈ; ਆਪਣਾ ਹੱਥ ਬਿਹਤਰ ਬਣਾਉਣ ਲਈ ਇਕ ਜਾਂ ਵੱਧ ਪੱਤੇ ਲਵੋ।

**ਸਟੈਂਡ:** ਤੁਹਾਨੂੰ ਆਪਣੇ ਹੱਥ ਨਾਲ ਤਸੱਲੀ ਹੈ ਅਤੇ ਤੁਸੀਂ ਹੋਰ ਪੱਤੇ ਨਹੀਂ ਚਾਹੁੰਦੇ।

**ਡਬਲ ਡਾਊਨ:** ਆਪਣਾ ਮੁੱਢਲਾ ਬੈੱਟ ਦੁਗਣਾ ਕਰ ਦੇਵੋ ਅਤੇ ਇਕ ਹੋਰ ਵਾਧੂ ਪੱਤਾ ਲੈ ਲਵੋ।

**ਜੋੜਿਆਂ ਨੂੰ ਤੋੜਨਾ:** ਜੇ ਤੁਹਾਡੇ ਕੋਲ ਹੱਥ ਵਿਚ ਇਕੋ ਮੁੱਲ ਦੇ ਦੋ ਪੱਤੇ ਹੋਣ ਤਾਂ ਤੁਸੀਂ ਉਨ੍ਹਾਂ ਨੂੰ ਤੋੜ ਕੇ ਦੋ ਹੱਥ ਬਣਾ ਸਕਦੇ ਹੋ। ਜਦੋਂ ਹੱਥ ਨੂੰ ਤੋੜ ਰਹੇ ਹੋਵੋ ਤਾਂ ਤੁਹਾਨੂੰ ਪਹਿਲਾਂ ਵਾਲੇ ਦਾਅ ਦੇ ਬਰਾਬਰ ਇਕ ਹੋਰ ਦਾਅ ਦੇ ਪੈਸੇ ਪਾਉਣੇ ਪੈਣਗੇ। ਜੇ ਤੁਸੀਂ ਯੱਕਿਆਂ ਨੂੰ ਤੋੜਦੇ ਹੋ ਤਾਂ ਤੁਹਾਨੂੰ ਹਰੇਕ ਯੱਕੇ ’ਤੇ ਸਿਰਫ ਇਕ ਹੀ ਹਿੱਟ ਮਿਲਦੀ ਹੈ।

**ਛੱਡਣਾ (ਸੁਰੈਂਡਰ):** ਜੇ ਤੁਹਾਨੂੰ ਆਪਣੇ ਦੋ ਮੁੱਢਲੇ ਪੱਤੇ ਪਸੰਦ ਨਾ ਹੋਣ ਤਾਂ ਤੁਸੀਂ ਉਨ੍ਹਾਂ ਨੂੰ ਛੱਡ (ਸੁਰੈਂਡਰ ਕਰ) ਸਕਦੇ ਹੋ। ਡੀਲਰ ਤੁਹਾਡੇ ਲਾਏ ਦਾਅ ਵਿਚੋਂ ਅੱਧੇ ਪੈਸੇ ਲੈ ਲੈਂਦਾ ਹੈ ਅਤੇ ਤੁਹਾਡਾ ਹੱਥ ਖਾਰਜ ਕਰ ਦਿੱਤਾ ਜਾਂਦਾ ਹੈ। ਤੁਸੀਂ ਕਿਸੇ ਵੀ ਮੁੱਢਲੇ ਦੋ ਪੱਤਿਆਂ ’ਤੇ ਖੇਡ ਛੱਡ ਸਕਦੇ ਹੋ ਪਰ ਜੇ ਡੀਲਰ ਕੋਲ ਬਲੈਕਜੈਕ ਹੋਵੇ ਫੇਰ ਨਹੀਂ।

**ਬੀਮਾ (ਇੰਸ਼ੋਰੈਂਸ):** ਜੇ ਡੀਲਰ ਦਾ ਸਿੱਧਾ ਕੀਤਾ ਹੋਇਆ ਪੱਤਾ ਯੱਕਾ ਹੈ, ਤੁਸੀਂ ਆਪਣੇ ਦਾਅ ਦਾ ਬੀਮਾ ਕਰਵਾ ਸਕਦੇ ਹੋ ਇਸ ਬਚਾ ਲਈ ਕਿ ਕਿਤੇ ਡੀਲਰ ਦਾ ਆਖਰੀ ਹੱਥ ਬਲੈਕਜੈਕ ਨਾ ਹੋਵੇ। ਤੁਸੀਂ ਆਪਣੇ ਮੁੱਢਲੇ ਦਾਅ ਦੀ ਰਕਮ ਦੇ ਅੱਧ ਜਿੰਨੇ ਪੈਸੇ ਹੋਰ ਦਾਅ ’ਤੇ ਲਾ ਸਕਦੇ ਹੋ। ਜੇ ਡੀਲਰ ਨੂੰ ਬਲੈਕਜੈਕ ਪੈ ਜਾਵੇ ਤਾਂ ਬੀਮੇ ਦੀ ਬੈੱਟ ਨਾਲ 2 ਟੂ 1 ਦੇ ਹਿਸਾਬ ਨਾਲ ਪੈਸੇ ਮਿਲਦੇ ਹਨ। ਜੇ ਡੀਲਰ ਦਾ ਹੱਥ ਬਲੈਕਜੈਕ ਨਾ ਹੋਵੇ ਤਾਂ ਤੁਸੀਂ ਆਪਣਾ ਬੀਮੇ ਦਾ ਦਾਅ ਹਾਰ ਜਾਂਦੇ ਹੋ।

**ਬਸਟ ਜਾਂ ਬਰੋਕ:** ਜੇ ਪੱਤਿਆਂ ਦਾ ਜੋੜ 22 ਜਾਂ ਵਧ ਹੋਵੇ।



**ਅਦਾਇਗੀ:** ਸਾਰੇ ਜੇਤੂ ਦਾਵਾਂ ਲਈ ਅਦਾਇਗੀ ਬਰਾਬਰ ਦੇ ਪੈਸੇ ਦੇ ਕੇ ਕੀਤੀ ਜਾਂਦੀ ਹੈ ਪਰ ਬਲੈਕਜੈਕ ਲਈ ਪੈਸੇ 3 ਟੂ 2 ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ। ਜਦੋਂ ਪੁਸ਼ (ਟਾਈ) ਹੁੰਦੀ ਹੈ ਤਾਂ ਤੁਸੀਂ ਆਪਣਾ ਮੁੱਢਲਾ ਦਾਅ ਹੀ ਕੋਲ ਰੱਖਦੇ ਹੋ।

ਇਕ ਬਲੈਕਜੈਕ (ਦੋ ਪੱਤੇ ਜਿਨ੍ਹਾਂ ਦਾ ਜੋੜ 21 ਹੋਵੇ) ਬਾਕੀ ਸਾਰੇ ਜੁੱਟਾਂ ਨੂੰ ਹਰਾ ਦਿੰਦਾ ਹੈ ਜਿਨ੍ਹਾਂ ਦਾ ਜੋੜ 21 ਹੋਵੇ। ਤੋੜੇ (ਸਪਲਿੱਟ ਹੈਂਡ) ਹੋਏ ਹੱਥ ਵਿਚਲੇ 21 ਦੇ ਜੋੜ ਵਾਲੇ ਦੋ ਪੱਤੇ ਬਲੈਕਜੈਕ ਨਹੀਂ ਹੁੰਦੇ।

**6 ਟੂ 5 ਬਲੈਕਜੈਕ** ਵੀ ਉਨ੍ਹਾਂ ਹੀ ਨਿਯਮਾਂ ਨਾਲ ਖੇਡੀ ਜਾਂਦੀ ਹੈ ਜਿਨ੍ਹਾਂ ਨਾਲ ਬੇਸਿਕ ਬਲੈਕਜੈਕ ਜਾਂ ਕਿੰਗ'ਸ ਬਾਊਂਟੀ ਬਲੈਕਜੈਕ ਖੇਡੀ ਜਾਂਦੀ ਹੈ। ਖੇਡ ਦੇ ਸਾਰੇ ਨਿਯਮ ਬਿਨ ਬਦਲੇ ਰਹਿੰਦੇ ਹਨ ਸਿਵਾਏ ਬਲੈਕਜੈਕ ਲਈ ਅਦਾਇਗੀ ਦੇ। ਜੇਤੂ ਹੱਥਾਂ ਨੂੰ ਬਰਾਬਰ (1 ਟੂ 1) ਦੀ ਅਦਾਇਗੀ ਕੀਤੀ ਜਾਂਦੀ ਹੈ ਸਿਵਾਏ ਬਲੈਕਜੈਕ ਦੇ। ਜੇਤੂ ਬਲੈਕਜੈਕ ਵਾਲੇ ਹੱਥ ਨੂੰ 6 ਟੂ 5 ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਂਦੀ ਹੈ।

**ਡਬਲ ਡੈੱਕ ਬਲੈਕਜੈਕ** ਵੀ ਉਨ੍ਹਾਂ ਹੀ ਨਿਯਮਾਂ ਨਾਲ ਖੇਡੀ ਜਾਂਦੀ ਹੈ ਜਿਨ੍ਹਾਂ ਨਾਲ ਬੇਸਿਕ ਬਲੈਕਜੈਕ ਜਾਂ ਕਿੰਗ'ਸ ਬਾਊਂਟੀ ਬਲੈਕਜੈਕ ਖੇਡੀ ਜਾਂਦੀ ਹੈ, ਪਰ ਖੇਡ ਛੇ ਤਾਸ਼ਾਂ (ਡੈੱਕਾਂ) ਦੀ ਬਜਾਏ ਦੋ ਨਾਲ ਖੇਡੀ ਜਾਂਦੀ ਹੈ।

**ਕਿੰਗ'ਸ ਬਾਊਂਟੀ ਬਲੈਕਜੈਕ** ਬਲੈਕਜੈਕ ਦੀ ਖੇਡ ਦੇ ਹਰ ਦੌਰ ਤੋਂ ਪਹਿਲਾਂ ਤੁਸੀਂ ਕਿੰਗ'ਸ ਬਾਊਂਟੀ ਸਾਈਡ ਬੈੱਟ ਵੀ ਉਸੇ ਵੇਲੇ ਟੇਬਲ ਦੇ ਉਸੇ ਥਾਂ ’ਤੇ ਲਾ ਸਕਦੇ ਹੋ ਜਿੱਥੇ ਤੁਸੀਂ ਆਪਣਾ ਆਮ ਦਾਅ ਲਾਇਆ ਹੋਵੇ। ਜਦੋਂ ਸਾਰੇ ਖਿਡਾਰੀਆਂ ਨੂੰ ਪਹਿਲੇ ਦੋ ਪੱਤੇ ਦੇ ਦਿੱਤੇ ਜਾਣ ਤਾਂ ਡੀਲਰ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਜਿਹੜੇ ਖਿਡਾਰੀਆਂ ਨੇ ਕਿੰਗ'ਸ ਬਾਊਂਟੀ ਵੇਜਰ ਲਾਇਆ ਹੋਵੇ ਉਨ੍ਹਾਂ ਵਿਚੋਂ ਕਿਸੇ ਕੋਲ 20 ਦੇ ਜੋੜ ਵਾਲੇ ਦੋ ਪੱਤੇ ਹਨ ਕਿ ਨਹੀਂ। ਇਹ ਗੱਲ ਉਦੋਂ ਕੀਤੀ ਜਾਂਦੀ ਹੈ ਜਦੋਂ ਪਹਿਲੇ ਦੋ ਪੱਤੇ ਦੇ ਦਿੱਤੇ ਜਾਣ ਅਤੇ ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਪੱਤਿਆਂ ਬਾਰੇ ਕੋਈ ਫੈਸਲਾ ਕਰੋ। ਜਦੋਂ ਇਕ ਵਾਰ ਸਾਰੇ ਜੇਤੂਆਂ ਨੂੰ ਅਦਾਇਗੀ ਕਰ ਦਿੱਤੀ ਜਾਵੇ ਤਾਂ ਬਲੈਕਜੈਕ ੀ ਖੇਡ ਫੇਰ ਆਮ ਵਾਂਗ ਚੱਲ ਪੈਂਦੀ ਹੈ।

**ਅਦਾਇਗੀ (ਕਿੰਗ'ਸ ਬਾਊਂਟੀ ਬਲੈਕਜੈਕ):** ਖਿਡਾਰੀਆਂ ਨੂੰ 4 ਟੂ 1 ਦੇ ਹਿਸਾਬ ਨਾਲ ਜਾਂ 1000 ਟੂ 1 ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਂਦੀ ਹੈ, ਇਹ ਗੱਲ ਪੱਤਿਆਂ ਦੀ ਕਿਸਮ ’ਤੇ ਨਿਰਭਰ ਹੁੰਦੀ ਹੈ।

| ਪੱਤੇ | ਅਦਾਇਗੀ |
|---|---|
| ਹੁਕਮ (ਸਪੇਡ) ਦੇ ਦੋ ਬਾਦਸ਼ਾਹ ਨਾਲ ਡੀਲਰ ਦਾ ਬਲੈਕਜੈਕ | 1,000:1 |
| ਹੁਕਮ (ਸਪੇਡ) ਦੇ ਦੋ ਬਾਦਸ਼ਾਹ | 100:1 |
| ਦੋ ਸੂਟਿਡ ਬਾਦਸ਼ਾਹ | 30:1 |
| ਦੋ ਸੂਟਿਡ ਦਹਿਲੇ, ਗੁਲਾਮ ਜਾਂ ਰਾਣੀਆਂ | 20:1 |
| ਸੂਟਿਡ ਕੁਲ ਜੋੜ 20 | 9:1 |
| ਦੋ ਬਾਦਸ਼ਾਹ | 6:1 |
| ਅਨਸੂਟਿਡ 20 | 4:1 |

**ਨੋਟ:** ਹਰ ਖਿਡਾਰੀ ਨੂੰ ਸਿਰਫ ਸਭ ਤੋਂ ਵਧ ਅਦਾਇਗੀ ਹੀ ਕੀਤੀ ਜਾਂਦੀ ਹੈ। ਕਿੰਗ'ਸ ਬਾਊਂਟੀ ਵੇਜਰ ਦੀਆਂ ਘੱਟ ਤੋਂ ਘੱਟ ਅਤੇ ਵਧ ਤੋਂ ਵਧ ਹੱਦਾਂ ਘਰ ਵਲੋਂ ਤਹਿ ਕੀਤੀਆਂ ਜਾਂਦੀਆਂ ਹਨ।



ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com

Blackjack [Punjabi] 01/13